# <u>ਪ੍ਰੈਸ ਨੋਟ</u>

ਸ੍ਰੀ ਗੁਲਨੀਤ ਸਿੰਘ ਖੁਰਾਣਾ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਮੋਗਾ ਦੇ ਦਿਸ਼ਾ ਨਿਰਦੇਸ਼ਾ ਹੇਠ ਮੁਕੱਦਮਾਂ ਨੰਬਰ 70 ਮਿਤੀ 25.06.2022 ਅ/ਧ 307/506/34 ਭ:ਦ 25 ਅਸਲਾ ਐਕਟ ਵਾਧਾ ਜੁਰਮ 120ਬੀ ਭ:ਦ ਥਾਣਾ ਮੈਹਿਣਾ ਦੇ ਦੋਸ਼ੀਆਨ ਨੂੰ ਗ੍ਰਿਫਤਾਰ ਕਰਨ ਲਈ ਵੱਖ ਵੱਖ ਪੁਲਿਸ ਪਾਰਟੀਆ ਜਿਹਨਾ ਵਿੱਚ 1) ਸ੍ਰੀ ਸੁਖਵਿੰਦਰ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਸਪੈਸ਼ਲ ਕ੍ਰਾਈਮ, 2) ਸ੍ਰੀ ਮਨਜੀਤ ਸਿੰਘ ਪੀ.ਪੀ.ਐਸ ਉਪ ਕਪਤਾਨ ਪੁਲਿਸ ਧਰਮਕੋਟ, 3) ਸ੍ਰੀ ਜਸ਼ਨਦੀਪ ਸਿੰਘ ਗਿੱਲ PPS ਉਪ ਕਪਤਾਨ ਪੁਲਿਸ (ਸਿਟੀ) ਮੋਗਾ, 4) ਇੰਸ: ਕਿੱਕਰ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਮੋਗਾ, 5) ਇੰਸ: ਇਕਬਾਲ ਹੁਸੈਨ ਮੁੱਖ ਅਫਸਰ ਥਾਣਾ ਮੈਹਿਣਾ, 6) ਐਸ.ਆਈ ਦਲਜੀਤ ਸਿੰਘ ਮੁੱਖ ਅਫਸਰ ਥਾਣਾ ਸਿਟੀ ਮੋਗਾ ਅਤੇ 7) ਐਸ.ਆਈ ਜਸਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਮੋਗਾ ਸਾਮਲ ਸਨ, ਬਣਾਈਆ ਗਈਆ ਸਨ।

ਜਿਸ ਦੌਰਾਨ ਮਿਤੀ 04.07.2022 ਨੂੰ ਐਸ.ਆਈ ਜਸਵਿੰਦਰ ਸਿੰਘ ਮੁੱਖ ਅਫਸਰ ਥਾਣਾ ਸਦਰ ਮੋਗਾ ਨੂੰ ਇਤਲਾਹ ਮਿਲੀ ਕਿ ਲਛਮਣ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਘੱਲ ਖੁਰਦ ਅਤੇ ਸੁਖਪਾਲ ਸਿੰਘ ਉਰਫ ਪਾਲ ਪੁੱਤਰ ਹਰਿੰਦਰ ਸਿੰਘ ਵਾਸੀ ਮਾਛੀ ਬੁਗਰਾ ਜਿਲਾ ਫਿਰੋਜਪੁਰ ਜੋ ਬਦਮਾਸ਼ ਕਿਸਮ ਦੇ ਆਦਮੀ ਹਨ,ਜੋ ਮੋਗਾ ਅਤੇ ਫਰੀਦਕੋਟ ਦੇ ਏਰੀਆ ਵਿੱਚ ਨਜਾਇਜ ਹਥਿਆਰਾ ਦੀ ਨੋਕ ਪਰ ਲੁੱਟਾ/ਖੋਹਾ, ਚੋਰੀ ਅਤੇ ਸੰਗੀਨ ਜੁਰਮਾਂ ਦੀ ਵਾਰਦਾਤਾ ਨੂੰ ਅੰਜਾਮ ਦੇਣ ਵਾਸਤੇ ਪਿੰਡ ਖੁਖਰਾਣਾ ਦੀ ਦਾਣਾ ਮੰਡੀ ਵਿੱਚ ਬਣੇ ਬੇ-ਅਬਾਦ ਕਮਰੇ ਵਿੱਚ ਬੈਠੇ ਹਨ।

ਜਿਸ ਤੇ ਰੇਡ ਕਰਕੇ ਉਕਤਾਨ ਦੋਨੋ ਦੋਸ਼ੀਆਨ ਨੂੰ ਕਾਬੂ ਕਰਕੇ ਉਹਨਾ ਪਾਸੋਂ ਚੋਰੀ ਦਾ ਮੋਟਰ ਸਾਇਕਲ ਮਾਰਕਾ ਸਪਲੈਂਡਰ, ਇੱਕ ਪਿਸਟਲ 32 ਬੋਰ ਸਮੇਤ ਇੱਕ ਜਿੰਦਾ ਰੋਂਦ 32 ਬੋਰ,ਦੋ ਪਿਸਟਲ 30 ਬੋਰ ਸਮੇਤ ਦੋ ਜਿੰਦਾਂ ਰੋਂਦ 30 ਬੋਰ ਬ੍ਰਾਮਦ ਕੀਤੇ ਗਏ।ਦੋਰਾਨੇ ਪੁੱਛਗਿੱਛ ਦੋਸ਼ੀ ਸੁਖਪਾਲ ਸਿੰਘ ਉਰਫ ਪਾਲ ਨੇ ਇਹ ਵੀ ਮੰਨਿਆ ਕਿ ਉਸ ਦੇ ਸੰਦੀਪ ਸਿੰਘ ਉਰਫ ਸੰਨੀ ਪੁੱਤਰ ਮਨਜੀਤ ਸਿੰਘ ਵਾਸੀ ਕੋਟਕਰੋੜ, ਜਿਲ੍ਹਾ ਫਿਰੋਜਪੁਰ, ਜੋ ਕਿ ਹਾਲ ਡੁਬਈ ਰਾਹੀਂ ਅਰਸ਼ ਡਾਲਾ ਨਾਲ ਸਬੰਧ ਹਨ। ਅਰਸ਼ ਡਾਲਾ ਦੇ ਕਹਿਣ ਪਰ ਪਿਛਲੇ ਦਿਨੀ ਡਾਲਾ ਪਿੰਡ ਵਿੱਚ ਸਖਵੀਰ ਸਿੰਘ ਸੈਕਟਰੀ ਦੇ ਘਰ ਦੇ ਬਾਹਰ ਸੁਖਪਾਲ ਸਿੰਘ ਉਰਫ ਪਾਲ ਅਤੇ ਦੀਪਕ ਸ਼ਰਮਾ ਵੱਲੋ ਫਾਈਰਿੰਗ ਦੀ ਵਾਰਦਾਤ ਕੀਤੀ ਗਈ ਸੀ ਤੇ ਇਸ ਵਾਰਦਾਤ ਤੋ ਇੱਕ ਦਿਨ ਪਹਿਲਾ ਮਿਤੀ 24.06.2022 ਨੂੰ ਉਸ ਨੇ ਤੇ ਉਸ ਦੇ ਸਾਥੀ ਲਛਮਣ ਸਿੰਘ ਨੇ ਤਲਵੰਡੀ ਭਾਈ, ਫਰੀਦਕੋਟ ਰੋਡ ਕੋਲੋ ਦੋ ਮੋਨੇ ਨੋਜਵਾਨਾ ਪਾਸੋ ਫਾਈਰਿੰਗ ਕਰਕੇ ਇੱਕ ਮੋਟਰ ਸਾਇਕਲ ਵੀ ਖੋਹਿਆ ਸੀ, ਜੋ ਇਹ ਮੋਟਰਸਾਈਕਲ ਵੀ ਉਪਰੋਕਤ ਵਾਰਦਾਤ ਕਰਨ ਲਈ ਅਰਸ਼ ਡਾਲਾ ਅਤੇ ਸੰਦੀਪ ਸਿੰਘ ਉਰਫ ਸੰਨੀ ਦੇ ਕਹਿਣ ਤੇ ਹੀ ਖੋਹਿਆ ਸੀ। ਇਸ ਸਬੰਧੀ ਜਿਲ੍ਹਾ ਫਰੀਦਕੋਟ ਵਿਖੇ ਮੁਕੱਦਮਾ ਨੰਬਰ 99 ਮਿਤੀ 30.06.2022 ਅ/ਧ 379ਬੀ/34 ਭ:ਦ ਥਾਣਾ ਸਦਰ ਫਰੀਦਕੋਟ ਦਰਜ ਰਜਿਸਟਰ ਹੋਇਆ।ਇਹ ਮੋਟਰਸਾਈਕਲ ਸੁਖਵੀਰ ਸਿੰਘ ਸੈਕਟਰੀ ਉਕਤ ਦੇ ਘਰ ਦੇ ਬਾਹਰ ਫਾਈਰਿੰਗ ਕਰਨ ਲਈ ਵਰਤਿਆ ਗਿਆ ਸੀ। ਸੁਖਪਾਲ ਸਿੰਘ ਉਰਫ ਪਾਲ ਵੱਲੋਂ ਆਪਣੀ ਪੁੱਛ ਗਿੱਛ ਦੌਰਾਨ ਇਹ ਵੀ ਮੰਨਿਆ ਹੈ ਕਿ ਉਹ ਹੁਣ ਵੀ ਅਰਸ਼ ਡਾਲਾ ਤੇ ਸੰਦੀਪ ਸਿੰਘ ਉਰਫ ਸੰਨੀ ਦੇ ਸਪੰਰਕ ਵਿੱਚ ਹਨ ਤੇ ਇਹਨਾ ਦੇ ਕਹਿਣ ਤੇ ਹੀ ਇਹ ਅਜਿਹੀਆ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਜਿਹਨਾ ਨੂੰ ਮੁਕੱਦਮਾ ਵਿੱਚ ਨਾਮਜਦ ਕੀਤਾ ਜਾ ਰਿਹਾ ਹੈ।

| ਕ੍ਰਮ ਅੰਕ | ਗ੍ਰਿਫਤਾਰ ਦੋਸ਼ੀ | ਦੋਸ਼ੀਆ ਪਰ ਪਹਿਲਾ ਦਰਜ ਮੁਕੱਦਮਿਆ ਦਾ ਵੇਰਵਾ |
|---|---|---|
| 1) | ਲਛਮਣ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਘੱਲ ਖੁਰਦ, ਜਿਲ੍ਹਾ ਫਿਰੋਜਪੁਰ। | ਮੁਕੱਦਮਾ ਨੰਬਰ 92 ਮਿਤੀ 6.9.2021 ਅ/ਧ 324,323,341,506,148,149 ਭ.ਦ ਵਾਧਾ ਜੁਰਮ 326 ਭ.ਦ ਥਾਣਾ ਘੱਲ ਖੁਰਦ, ਜਿਲਾ ਫਿਰੋਜਪੁਰ। |
| 2) | ਸੁਖਪਾਲ ਸਿੰਘ ਉਰਫ ਪਾਲ ਪੁੱਤਰ ਹਰਿੰਦਰ ਸਿੰਘ ਵਾਸੀ ਮਾਛੀ ਬੁਗਰਾ, ਜਿਲ੍ਹਾ ਫਿਰੋਜਪੁਰ | -- |

| ਕ੍ਰਮ ਅੰਕ | ਨਾਮਜਦ ਕੀਤੇ ਜਾਣ ਵਾਲੇ ਦੋਸ਼ੀ | ਦੋਸ਼ੀਆ ਪਰ ਪਹਿਲਾ ਦਰਜ ਮੁਕੱਦਮਿਆ ਦਾ ਵੇਰਵਾ |
|---|---|---|
| 1) | ਸੰਦੀਪ ਸਿੰਘ ਉਰਫ ਸੰਨੀ ਪੁੱਤਰ ਮਨਜੀਤ ਸਿੰਘ ਵਾਸੀ ਕੋਟਕਰੋੜ ਜਿਲ੍ਹਾ ਫਿਰੋਜਪੁਰ | --- |
| 2) | ਦੀਪਕ ਸ਼ਰਮਾ ਪੁੱਤਰ ਧਰਮਪਾਲ ਸ਼ਰਮਾ ਵਾਸੀ ਨਿਗਾਹਾ ਰੋਡ, ਮੋਗਾ | ਮੁਕੱਦਮਾ ਨੰਬਰ 161 ਮਿਤੀ 01.08.2021 ਅ/ਧ 379/411 ਭ:ਦ ਥਾਣਾ ਬਾਘਾਪੁਰਾਣਾ।<br>ਮੁਕੱਦਮਾ ਨੰਬਰ 34 ਮਿਤੀ 20.04.2022 ਅ/ਧ 302/379ਬੀ ਭ:ਦ 25 ਅਸਲਾ ਐਕਟ ਥਾਣਾ ਮੈਹਿਣਾ। |
| 3) | ਅਰਸ਼ਦੀਪ ਸਿੰਘ ਉਰਫ ਅਰਸ਼ ਪੁੱਤਰ ਚਰਨਜੀਤ ਸਿੰਘ ਵਾਸੀ ਡਾਲਾ | ਵੱਖ ਵੱਖ ਥਾਣਿਆ ਵਿੱਚ ਕੁੱਲ 19 ਮੁਕੱਦਮੇ ਦਰਜ ਰਜਿਸਟਰ ਹਨ। |

**<u>ਬ੍ਰਾਮਦਗੀ :-</u>**

1. ਮੋਟਰ ਸਾਈਕਲ ਮਾਰਕਾ ਸਪਲੈਂਡਰ।
2. 01 ਪਿਸਟਲ .32 ਬੋਰ ਸਮੇਤ 01 ਜਿੰਦਾ ਰੋਂਦ .32 ਬੋਰ,
3. 02 ਪਿਸਟਲ .30 ਬੋਰ ਸਮੇਤ 02 ਜਿੰਦਾਂ ਰੋਂਦ .30 ਬੋਰ।